# ਮਦਦ ਇੱਥੇ ਸ਼ੁਰੂ ਹੁੰਦੀ ਹੈ।

## ਅਦਾਲਤ ਵਿਚ ਪੀੜਿਤਾਂ ਅਤੇ ਗਵਾਹਾਂ ਦਾ ਅਨੁਭਵ ਸੁਧਾਰਨ ਬਾਰੇ ਜਾਣਕਾਰੀ

### ਭਾਵਕ ਪੀੜਿਤਾਂ ਅਤੇ ਗਵਾਹਾਂ ਲਈ ਕਿਹੜੀਆਂ ਖਾਸ ਰਖਵਾਲੀਆਂ ਉਪਲਬਧ ਹਨ?

*ਕਰਿਮੀਨਲ ਲਾਅ* ਵਿਚ ਅਜਿਹੀਆਂ ਧਰਾਵਾਂ ਸ਼ਾਮਲ ਹਨ ਜਿਨ੍ਹਾਂ ਨੂੰ ਟੈਸਟੀਮੋਨੀਅਲ ਏਡਜ਼ (ਗਵਾਹੀ ਵਿਚ ਮਦਦ) ਅਤੇ ਹੋਰ ਕਦਮਾਂ ਦੇ ਤੌਰ 'ਤੇ ਜਾਣਿਆ ਜਾਂਦਾ ਹੈ ਜਿਹੜੇ ਕਰਿਮੀਨਲ ਕੋਰਟ ਵਿਚ ਆਪਣੀ ਗਵਾਹੀ ਦੇਣ ਵਿਚ ਭਾਵਕ (ਵੁਲਨਰੇਬਲ) ਪੀੜਿਤਾਂ ਅਤੇ ਗਵਾਹਾਂ ਦੀ ਮਦਦ ਕਰਦੇ ਹਨ। ਇਹ ਧਰਾਵਾਂ ਇਸ ਚੀਜ਼ ਨੂੰ ਮਾਨਤਾ ਦਿੰਦੀਆਂ ਹਨ ਕਿ ਕੁਝ ਪੀੜਿਤ ਅਤੇ ਗਵਾਹ ਆਪਣੀ ਛੋਟੀ ਉਮਰ ਜਾਂ ਹੋਰ ਪੱਖਾਂ ਕਰਕੇ ਜ਼ਿਆਦਾ ਭਾਵਕ ਹੋ ਸਕਦੇ ਹਨ ਜਿਵੇਂ ਕਿ ਜੁਰਮ ਦੀ ਕਿਸਮ।

ਗਵਾਹੀ ਵਿਚ ਮਦਦ ਵਿਚ ਸ਼ਾਮਲ ਹਨ:

- ਗਵਾਹ ਨੂੰ **ਕਲੋਜ਼ਡ-ਸਰਕਟ ਟੀ ਵੀ** ਰਾਹੀਂ ਅਦਾਲਤ ਤੋਂ ਬਾਹਰ ਜਾਂ **ਪਰਦੇ** ਪਿੱਛੇ ਗਵਾਹੀ ਦੇਣ ਦੀ ਆਗਿਆ ਦੇਣਾ ਜਿਸ ਨਾਲ ਗਵਾਹ ਕਥਿਤ ਦੋਸ਼ੀ ਨੂੰ ਦੇਖ ਨਹੀਂ ਸਕੇਗਾ।
- ਜਵਾਨ ਪੀੜਿਤਾਂ ਅਤੇ ਗਵਾਹਾਂ ਦੇ ਗਵਾਹੀ ਦੇਣ ਵੇਲੇ **ਮਦਦ ਕਰਨ ਵਾਲਾ ਕੋਈ ਵਿਅਕਤੀ** ਨਾਲ ਹੋਣ ਦੀ ਆਗਿਆ ਦੇਣਾ ਤਾਂ ਜੋ ਉਨ੍ਹਾਂ ਨੂੰ ਜ਼ਿਆਦਾ ਆਰਾਮਦੇਹ ਰੱਖਿਆ ਜਾ ਸਕੇ।

ਹੋਰ ਕਦਮ ਜਿਹੜੇ ਆਪਣੀ ਗਵਾਹੀ ਦੇਣ ਵਿਚ ਪੀੜਿਤਾਂ ਅਤੇ ਗਵਾਹਾਂ ਦੀ ਮਦਦ ਵਿਚ ਸ਼ਾਮਲ ਹਨ:

- ਅਦਾਲਤ ਦੀ ਸਾਰੀ ਕਾਰਵਾਈ ਜਾਂ ਕਾਰਵਾਈ ਦੇ ਕਿਸੇ ਹਿੱਸੇ ਵਿੱਚੋਂ **ਪਬਲਿਕ ਦੇ ਸਾਰੇ ਜਾਂ ਕੁਝ ਮੈਂਬਰਾਂ ਨੂੰ ਅਦਾਲਤ ਵਿੱਚੋਂ ਜਾਣ** ਲਈ ਕਿਹਾ ਜਾ ਸਕਦਾ ਹੈ।
- ਜੇ ਕਥਿਤ ਦੋਸ਼ੀ ਆਪਣੀ ਨੁਮਾਇੰਦਗੀ ਆਪ ਕਰ ਰਿਹਾ ਹੋਵੇ ਤਾਂ ਭਾਵਕ ਗਵਾਹਾਂ ਤੋਂ ਸਵਾਲ ਪੁੱਛਣ ਵੇਲੇ **ਕਿਸੇ ਵਕੀਲ ਨੂੰ ਨਿਯੁਕਤ** ਕੀਤਾ ਜਾ ਸਕਦਾ ਹੈ।
- ਕਿਸੇ ਵੀ ਅਜਿਹੀ ਜਾਣਕਾਰੀ ਦੇ ਛਪਣ, ਪ੍ਰਸਾਰਤ ਹੋਣ ਜਾਂ ਸੰਚਾਰ ਹੋਣ ਤੋਂ ਰੋਕਥਾਮ ਕਰਨ ਲਈ **ਪਬਲੀਕੇਸ਼ਨ ਬੈਨ** ਦਾ ਆਰਡਰ ਕੀਤਾ ਜਾ ਸਕਦਾ ਹੈ ਜਿਹੜੀ ਕਿਸੇ ਪੀੜਿਤ ਜਾਂ ਗਵਾਹ ਦੀ ਪਛਾਣ ਕਰ ਸਕਦੀ ਹੋਵੇ।

### ਭਾਵਕ ਪੀੜਿਤਾਂ ਅਤੇ ਗਵਾਹਾਂ ਨੂੰ ਇਹ ਰਖਵਾਲੀਆਂ ਕਿਵੇਂ ਮਿਲਦੀਆਂ ਹਨ?

ਪੀੜਿਤ ਜਾਂ ਸਰਕਾਰੀ ਵਕੀਲ, ਜੱਜ ਨੂੰ ਗਵਾਹੀ ਵਿਚ ਮਦਦ ਜਾਂ ਹੋਰ ਕਦਮਾਂ ਬਾਰੇ ਅਦਾਲਤ ਦੀ ਕਾਰਵਾਈ ਤੋਂ ਪਹਿਲਾਂ ਜਾਂ ਕਾਰਵਾਈ ਦੌਰਾਨ ਕਹਿ ਸਕਦੇ ਹਨ।

### ਜੱਜ ਇਹ ਫੈਸਲਾ ਕਿਵੇਂ ਕਰਦਾ ਹੈ ਕਿ ਕੀ ਕਿਸੇ ਗਵਾਹੀ ਲਈ ਗਵਾਹੀ ਵਿਚ ਮਦਦ ਜਾਂ ਹੋਰ ਕਦਮਾਂ ਦਾ ਆਰਡਰ ਕਰਨਾ ਹੈ ਜਾਂ ਨਹੀਂ?

ਜੱਜ, ਜੁਰਮ ਦੇ ਹਲਾਤਾਂ 'ਤੇ ਅਤੇ ਗਵਾਹੀ ਦੇ ਰਹੇ ਪੀੜਿਤ ਜਾਂ ਗਵਾਹ ਦੇ ਹਲਾਤਾਂ 'ਤੇ ਇਹ ਵਿਚਾਰ ਕਰੇਗਾ:

- **ਅਠਾਰਾਂ ਸਾਲ ਤੋਂ ਘੱਟ ਉਮਰ** ਦੇ ਪੀੜਿਤ ਅਤੇ ਗਵਾਹ ਜਾਂ ਅਜਿਹੀ ਡਿਸਏਬਿਲਟੀ ਵਾਲਾ ਕੋਈ ਵੀ ਗਵਾਹ ਜਿਹੜੀ ਉਸ ਲਈ ਗੱਲਬਾਤ ਕਰਨਾ ਔਖਾ ਬਣਾਉਂਦੀ ਹੋਵੇ ਨੂੰ ਅਪਲਾਈ ਕਰਨ 'ਤੇ ਗਵਾਹੀ ਵਿਚ ਮਦਦ ਜਾਂ ਹੋਰ ਕਦਮ ਪ੍ਰਾਪਤ ਹੋਣਗੇ। ਜੱਜ ਲਈ ਇਹ ਰਖਵਾਲੀ ਪ੍ਰਦਾਨ ਕਰਨਾ ਜ਼ਰੂਰੀ ਹੈ ਪਰ ਜੇ ਉਹ ਇਹ ਯਕੀਨ ਕਰਦਾ ਹੋਵੇ ਕਿ ਇਸ ਨਾਲ ਸਹੀ ਨਿਆਂ ਹੋਣ ਵਿਚ ਦਖਲਅੰਦਾਜ਼ੀ ਹੋਵੇਗੀ ਤਾਂ ਉਹ ਅਜਿਹਾ ਕਰਨ ਤੋਂ ਨਾਂਹ ਕਰ ਸਕਦਾ ਹੈ, ਉਦਾਹਰਣ ਲਈ, ਜੇ ਇਹ ਕਥਿਤ ਦੋਸ਼ੀ ਦੇ ਨਿਰਪੱਖ ਮੁਕੱਦਮੇ ਦੇ ਹੱਕਾਂ 'ਤੇ ਅਸਰ ਕਰਦਾ ਹੋਵੇ।
- **ਹੋਰ ਭਾਵਕ ਪੀੜਿਤਾਂ ਅਤੇ ਗਵਾਹਾਂ** ਨੂੰ ਵੀ ਗਵਾਹੀ ਵਿਚ ਮਦਦ ਮਿਲ ***ਸਕਦੀ*** ਹੈ ਜਾਂ ਹੋਰ ਕਦਮ ਚੁੱਕੇ ਜਾ ਸਕਦੇ ਹਨ ਜੇ ਜੱਜ ਇਹ ਮਹਿਸੂਸ ਕਰਦਾ ਹੈ ਕਿ ਪੀੜਿਤ ਜਾਂ ਗਵਾਹ ਵਲੋਂ ਪੂਰੀ ਅਤੇ ਸੱਚੀ ਗਵਾਹੀ ਦੇਣ ਲਈ ਅਜਿਹਾ ਕਰਨਾ ਜ਼ਰੂਰੀ ਹੈ। ਜੱਜ ਇਸ ਤਰ੍ਹਾਂ ਦੇ ਪੱਖਾਂ 'ਤੇ ਵਿਚਾਰ ਕਰੇਗਾ, ਗਵਾਹ ਦੀ ਉਮਰ ਕਿੰਨੀ ਹੈ, ਕੀ ਗਵਾਹ ਨੂੰ ਕੋਈ ਮਾਨਸਿਕ ਜਾਂ ਸਰੀਰਕ ਡਿਸਏਬਿਲਟੀ ਹੈ, ਜੁਰਮ ਦੀ ਕਿਸਮ ਕੀ ਹੈ ਅਤੇ ਗਵਾਹ ਅਤੇ ਕਥਿਤ ਦੋਸ਼ੀ ਵਿਚਕਾਰ ਸਬੰਧਾਂ ਦੀ ਕਿਸਮ ਕੀ ਹੈ।
- ਉਨ੍ਹਾਂ ਕੇਸਾਂ ਵਿਚ ਜਿੱਥੇ **ਮੁਜਰਮਾਨਾ ਪਰੇਸ਼ਾਨੀ (ਕਰਿਮੀਨਲ ਹੈਰਾਸਮੈਂਟ) ਦੇ ਪੀੜਿਤ** ਸ਼ਾਮਲ ਹਨ, ਅਰਜ਼ੀ ਕਰਨ 'ਤੇ ਪੀੜਿਤ ਤੋਂ ਸਵਾਲ ਪੁੱਛਣ ਲਈ ਵਕੀਲ ਨਿਯੁਕਤ ਕਰਨ ਦਾ ਆਰਡਰ ਕੀਤਾ ਜਾਵੇਗਾ ਜਿੱਥੇ ਕਥਿਤ ਦੋਸ਼ੀ ਆਪਣੀ ਨੁਮਾਇੰਦਗੀ ਆਪ ਕਰ ਰਿਹਾ ਹੋਵੇ। ਜੱਜ ਲਈ ਇਹ ਰਖਵਾਲੀ ਪ੍ਰਦਾਨ ਕਰਨਾ ਜ਼ਰੂਰੀ ਹੈ ਪਰ ਜੇ ਉਹ ਇਹ ਯਕੀਨ ਕਰਦਾ ਹੋਵੇ ਕਿ ਇਸ ਨਾਲ ਸਹੀ ਨਿਆਂ ਹੋਣ ਵਿਚ ਦਖਲਅੰਦਾਜ਼ੀ ਹੋਵੇਗੀ ਤਾਂ ਉਹ ਅਜਿਹਾ ਕਰਨ ਤੋਂ ਨਾਂਹ ਕਰ ਸਕਦਾ ਹੈ, ਉਦਾਹਰਣ ਲਈ, ਜੇ ਇਹ ਕਥਿਤ ਦੋਸ਼ੀ ਦੇ ਨਿਰਪੱਖ ਮੁਕੱਦਮੇ ਦੇ ਹੱਕਾਂ 'ਤੇ ਅਸਰ ਕਰਦਾ ਹੋਵੇ।

BRITISH COLUMBIA
Ministry of Justice

# ਮਦਦ ਇੱਥੇ ਸ਼ੁਰੂ ਹੁੰਦੀ ਹੈ।

## ਕੀ ਕਥਿਤ ਦੋਸ਼ੀ ਇਨ੍ਹਾਂ ਕਦਮਾਂ ਵਿੱਚੋਂ ਕਿਸੇ ਦੀ ਵਰਤੋਂ 'ਤੇ ਇਤਰਾਜ਼ ਕਰ ਸਕਦਾ ਹੈ?

ਇਨ੍ਹਾਂ ਕਦਮਾਂ ਦਾ ਮੰਤਵ ਗਵਾਹੀ ਦੇਣ ਵਾਲੇ ਪੀੜਿਤਾਂ ਅਤੇ ਗਵਾਹਾਂ ਦੇ ਅਨੁਭਵ ਨੂੰ ਸੁਧਾਰਨ ਦੇ ਨਾਲ ਨਾਲ ਕਥਿਤ ਦੋਸ਼ੀ ਦੇ ਹੱਕਾਂ ਦੀ ਰੱਖਿਆ ਕਰਨਾ ਹੈ।

ਜੱਜ, ਕੁਝ ਕੇਸਾਂ ਵਿਚ, ਇਨ੍ਹਾਂ ਖਾਸ ਰਖਵਾਲੀਆਂ ਤੋਂ ਨਾਂਹ ਕਰ ਸਕਦੇ ਹਨ ਜਾਂ ਇਨ੍ਹਾਂ ਨੂੰ ਸੀਮਤ ਕਰ ਸਕਦੇ ਹਨ ਤਾਂ ਜੋ ਇਹ ਪੱਕਾ ਹੋਵੇ ਕਿ ਕਥਿਤ ਦੋਸ਼ੀ ਦੇ ਹੱਕਾਂ ਦੀ ਉਲੰਘਣਾ ਨਹੀਂ ਹੋ ਰਹੀ।

## ਗਵਾਹੀ ਵਿਚ ਮਦਦ ਲਈ ਕੀ ਇਹ ਕਦਮ ਨਵੇਂ ਹਨ?

ਗਵਾਹੀ ਦੇਣ ਵਿਚ ਪੀੜਿਤਾਂ ਅਤੇ ਗਵਾਹਾਂ ਦੀ ਮਦਦ ਕਰਨ ਲਈ ਗਵਾਹੀ ਵਿਚ ਮਦਦ ਅਤੇ ਹੋਰ ਕਦਮ 1988 ਤੋਂ *ਕਰਿਮੀਨਲ ਕੋਡ* ਦਾ ਹਿੱਸਾ ਹਨ। ਇਨ੍ਹਾਂ ਧਾਰਾਵਾਂ ਵਿਚ ਤਾਜ਼ਾ ਸੋਧ 2006 ਵਿਚ ਕੀਤੀ ਗਈ ਸੀ ਤਾਂ ਜੋ ਪੀੜਿਤਾਂ ਅਤੇ ਗਵਾਹਾਂ ਨੂੰ ਜ਼ਿਆਦਾ ਸਪਸ਼ਟਤਾ ਅਤੇ ਇਕਸਾਰਤਾ ਪ੍ਰਦਾਨ ਕੀਤੀ ਜਾ ਸਕੇ ਅਤੇ ਅਜਿਹਾ ਇਸ ਕਰਕੇ ਕੀਤਾ ਗਿਆ ਸੀ:

- ਉਨ੍ਹਾਂ ਪੀੜਿਤਾਂ ਅਤੇ ਗਵਾਹਾਂ ਦੀਆਂ ਸ਼੍ਰੇਣੀਆਂ ਵਧਾ ਕੇ ਜਿਹੜੇ ਗਵਾਹੀ ਵਿਚ ਮਦਦ ਲਈ ਅਪਲਾਈ ਕਰ ਸਕਦੇ ਹਨ ਜਿਵੇਂ ਕਿ ਪਰਦੇ ਪਿੱਛੇ ਗਵਾਹੀ ਦੇਣਾ, ਕਲੋਜ਼ਡ-ਸਰਕਟ ਟੈਲੀਵੀਜ਼ਨ 'ਤੇ ਗਵਾਹੀ ਦੇਣਾ ਅਤੇ ਮਦਦ ਲਈ ਵਿਅਕਤੀ ਨਾਲ ਹੋਣਾ। ਪਹਿਲਾਂ ਇਹ ਮਦਦ ਅਦਾਲਤ ਦੀਆਂ ਖਾਸ ਕਾਰਵਾਈਆਂ ਵਿਚ ਅਠਾਰਾਂ ਸਾਲ ਤੋਂ ਘੱਟ ਉਮਰ ਦੇ ਪੀੜਿਤਾਂ ਅਤੇ ਗਵਾਹਾਂ ਲਈ ਹੀ ਉਪਲਬਧ ਸੀ, ਜਿਵੇਂ ਕਿ ਕਾਮੁਕ ਅਤੇ ਖਾਸ ਕਿਸਮ ਦੇ ਹਿੰਸਕ ਜੁਰਮਾਂ ਦੇ ਸਬੰਧ ਵਿਚ।
- ਇਹ ਯਕੀਨੀ ਬਣਾ ਕੇ ਕਿ ਪਬਲੀਕੇਸ਼ਨ ਬੈਨ ਦੀਆਂ ਧਾਰਾਵਾਂ ਟੈਕਨੋਲੋਜੀ ਦੇ ਅਡਵਾਂਸ ਹੋਣ ਨਾਲ ਵੀ ਲਾਗੂ ਰਹਿਣ ਅਤੇ ਅਜਿਹਾ ਇਹ ਸਪਸ਼ਟ ਕਰਕੇ ਕੀਤਾ ਜਾਂਦਾ ਹੈ ਕਿ ਉਹ ਕਿਸੇ ਵੀ ਅਜਿਹੀ ਜਾਣਕਾਰੀ ਦੇ ਛਪਣ, ਪ੍ਰਸਾਰਤ ਹੋਣ ਜਾਂ ਕਿਸੇ ਵੀ ਤਰੀਕੇ ਨਾਲ ਸੰਚਾਰ ਹੋਣ ਤੋਂ ਰੋਕਥਾਮ ਕਰਦੀਆਂ ਹਨ ਜਿਹੜੀ ਕਿਸੇ ਪੀੜਿਤ ਜਾਂ ਗਵਾਹ ਦੀ ਪਛਾਣ ਕਰ ਸਕਦੀ ਹੋਵੇ।
- ਪੀੜਿਤਾਂ ਨੂੰ ਇਸ ਚੀਜ਼ ਦੀ ਜ਼ਿਆਦਾ ਨਿਸ਼ਚਿਤਤਾ ਪ੍ਰਦਾਨ ਕਰਕੇ ਕਿ ਗਵਾਹੀ ਵਿਚ ਉਨ੍ਹਾਂ ਦੀ ਮਦਦ ਕੀਤੀ ਜਾਵੇਗੀ। ਅਠਾਰਾਂ ਸਾਲ ਤੋਂ ਘੱਟ ਉਮਰ ਦੇ ਪੀੜਿਤਾਂ ਅਤੇ ਗਵਾਹਾਂ ਤੋਂ ਇਹ ਸਾਬਤ ਕਰਨ ਦੀ ਮੰਗ ਨਹੀਂ ਕੀਤੀ ਜਾਵੇਗੀ ਕਿ ਆਰਡਰ ਜ਼ਰੂਰੀ ਹੈ – ਇਹ ਪੀੜਿਤ ਜਾਂ ਸਰਕਾਰੀ ਵਕੀਲ ਵਲੋਂ ਅਰਜ਼ੀ ਦੇਣ ਨਾਲ ਕਰ ਦਿੱਤਾ ਜਾਵੇਗਾ। ਇਸੇ ਤਰ੍ਹਾਂ, ਕਿਸੇ ਵੀ ਉਮਰ ਦੇ, ਮੁਜਰਮਾਨਾ ਪਰੇਸ਼ਾਨੀ ਤੋਂ ਪੀੜਿਤਾਂ ਨੂੰ ਆਪਣੇ ਤੋਂ ਸਵਾਲ ਪੁੱਛਣ ਲਈ ਕਿਸੇ ਵਕੀਲ ਨੂੰ ਨਿਯੁਕਤ ਕੀਤੇ ਜਾਣ ਦੀ ਲੋੜ ਦਿਖਾਉਣ ਦੀ ਲੋੜ ਨਹੀਂ ਪਵੇਗੀ, ਜਿੱਥੇ ਕਥਿਤ ਦੋਸ਼ੀ ਆਪਣੀ ਨੁਮਾਇੰਦਗੀ ਆਪ ਕਰ ਰਿਹਾ ਹੋਵੇ।

## ਜ਼ਿਆਦਾ ਜਾਣਕਾਰੀ ਕਿੱਥੇ ਉਪਲਬਧ ਹੈ?

ਜੇ ਤੁਸੀਂ ਜਾਂ ਤੁਹਾਨੂੰ ਜਾਣਦਾ ਕੋਈ ਕਿਸੇ ਜੁਰਮ ਦਾ ਸ਼ਿਕਾਰ ਹੋਏ ਹੋ ਤਾਂ ਮਦਦ ਮੌਜੂਦ ਹੈ। ਪੀੜਿਤਾਂ ਨੂੰ ਸੇਵਾਵਾਂ ਬ੍ਰਿਟਿਸ਼ ਕੋਲੰਬੀਆ ਭਰ ਵਿਚ ਉਪਲਬਧ ਹਨ ਅਤੇ ਜੇ ਤੁਹਾਨੂੰ ਮਦਦ, ਜਾਣਕਾਰੀ ਜਾਂ ਹੋਰ ਸਹਾਇਤਾ ਦੀ ਲੋੜ ਹੋਵੇ ਤਾਂ ਵਿਕਟਿਮ ਸਰਵਿਸ ਵਰਕਰ ਮਦਦ ਕਰ ਸਕਦੇ ਹਨ।

ਆਪਣੇ ਇਲਾਕੇ ਵਿਚਲੇ ਕਿਸੇ ਵਿਕਟਿਮ ਸਰਵਿਸ ਪ੍ਰੋਗਰਾਮ ਦਾ ਪਤਾ ਲਾਉਣ ਲਈ ਵਿਕਟਿਮਲਿੰਕ ਬੀ ਸੀ ਨੂੰ 1-800-563-0808 'ਤੇ ਫੋਨ ਕਰੋ।

### ਵਿਕਟਿਮਲਿੰਕ ਬੀ ਸੀ

ਵਿਕਟਿਮਲਿੰਕ ਬੀ ਸੀ ਇਕ ਮੁਫਤ, ਬਹੁਭਾਸ਼ਾਈ, ਗੁਪਤ ਟੈਲੀਫੋਨ ਸਰਵਿਸ ਹੈ ਜੋ ਕਿ ਬੀ.ਸੀ. ਅਤੇ ਯੂਕੋਨ ਵਿਚ ਦਿਨ ਦੇ 24 ਘੰਟੇ, ਹਫਤੇ ਦੇ ਸੱਤੇ ਦਿਨ ਉਪਲਬਧ ਹੈ ਜੋ ਕਿ ਜੁਰਮਾਂ ਦੇ ਸ਼ਿਕਾਰ ਸਾਰੇ ਲੋਕਾਂ ਲਈ ਜਾਣਕਾਰੀ ਅਤੇ ਰੈਫਰਲ ਸੇਵਾਵਾਂ ਪ੍ਰਦਾਨ ਕਰਦੀ ਹੈ ਅਤੇ ਪਰਿਵਾਰਕ ਅਤੇ ਕਾਮੁਕ ਹਿੰਸਾ ਤੋਂ ਪੀੜਿਤਾਂ ਲਈ ਸੰਕਟ ਵਿਚ ਫੌਰੀ ਸਹਾਇਤਾ ਦਿੰਦੀ ਹੈ।

ਵਿਕਟਿਮਲਿੰਕ ਬੀ ਸੀ ਨਾਲ 1-800-563-0808 'ਤੇ ਸੰਪਰਕ ਕਰੋ (ਬੀ.ਸੀ. ਅਤੇ ਯੂਕੋਨ ਵਿਚ ਮੁਫਤ)। 604-875-0885 'ਤੇ ਟੀ ਟੀ ਵਾਈ ਨੂੰ ਫੋਨ ਕਰੋ; ਕੋਲੈਕਟ ਕਾਲ ਕਰਨ ਲਈ ਕਿਰਪਾ ਕਰਕੇ ਟੈਲਅੱਸ ਰੀਲੇਅ ਸਰਵਿਸ ਨੂੰ 711 'ਤੇ ਫੋਨ ਕਰੋ। 604-836-6381 'ਤੇ ਟੈਕਸਟ ਕਰੋ।

ਈਮੇਲ: VictimLinkBC@bc211.ca

ਵੈੱਬਸਾਈਟ: www.victimlinkbc.ca

**ਕਿਰਪਾ ਕਰਕੇ ਨੋਟ ਕਰੋ:** *ਇਹ ਪੈਂਫਲਿਟ ਸਿਰਫ ਆਮ ਜਾਣਕਾਰੀ ਦਿੰਦਾ ਹੈ। ਇਹ ਕੋਈ ਕਾਨੂੰਨੀ ਦਸਤਾਵੇਜ਼ ਨਹੀਂ ਹੈ।*

BRITISH COLUMBIA
www.gov.bc.ca

Information on improving the experience of victims and witnesses in court [Punjabi] November 2012